Surrey Schools
LEADERSHIP IN LEARNING

Tel: 604.596.7733
www.surreyschools.ca

# ਗਰਮੀਆਂ ਦੀ ਪੜ੍ਹਾਈ

(Summer Reading)

ਗਰਮੀਆਂ ਵਿੱਚ ਪੜ੍ਹਨ ਦੀ ਮਹੱਤਤਾ ਬਾਰੇ ਚੰਗੇ ਪ੍ਰਮਾਣ ਮਿਲਦੇ ਹਨ ਜਿਸ ਦੇ ਨਤੀਜੇ ਵਜੋਂ ਬੱਚਿਆਂ ਅਤੇ ਅਲੱੜ੍ਹ ਉਮਰ ਦੇ(ਟੀਨ ਏਜ) ਬੱਚਿਆਂ ਨੂੰ ਵਾਰ ਵਾਰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਪੜ੍ਹੋ, ਪੜ੍ਹੋ, ਪੜ੍ਹੋ। ਜਦੋਂ ਬੱਚੇ ਕਲਾਸਰੂਮਾਂ ਵਿੱਚ ਨਹੀਂ ਹੁੰਦੇ ਅਤੇ ਉਹਨਾਂ ਨੂੰ ਰਸਮੀ ਤੌਰ ’ਤੇ ਪੜ੍ਹਨਾ ਨਹੀਂ ਸਿਖਾਇਆ ਜਾ ਰਿਹਾ ਹੁੰਦਾ, ਤਾਂ ਉਹਨਾਂ ਦੇ ਪੜ੍ਹਨ ਦਾ ਵਿਕਾਸ ਘੱਟ ਜਾਂਦਾ ਹੈ। ਖੋਜੀਆਂ ਨੂੰ ਕਾਫੀ ਸਬੂਤ ਮਿਲੇ ਹਨ ਜਿਹਨਾਂ ਤੋਂ ਇਹ ਪਤਾ ਲੱਗਦਾ ਹੈ ਕਿ ਗਰਮੀਆਂ ਵਿੱਚ ਪੜ੍ਹਨ ਵਿੱਚ ਪਿਆ ਘਾਟਾ ਕਾਫੀ ਵੱਡਾ ਹੁੰਦਾ ਹੈ।

> *“ਅਸੀਂ ਜੋ ਜਾਣਦੇ ਹਾਂ, ਉਹ ਇਹ ਹੈ ਕਿ ਜਿਹੜੇ ਬੱਚੇ ਗਰਮੀਆਂ ਵਿੱਚ ਨਹੀਂ ਪੜ੍ਹਦੇ ਉਹ ਪੜ੍ਹਨ ਵਿੱਚ ਦੋ ਤੋਂ ਤਿੰਨ ਮਹੀਨਿਆਂ ਦੇ ਬਰਾਬਰ ਦਾ ਵਿਕਾਸ ਗਵਾ ਦਿੰਦੇ ਹਨ, ਜਦੋਂ ਕਿ ਗਰਮੀਆਂ ਵਿੱਚ ਪੜ੍ਹਨ ਵਾਲੇ ਬੱਚੇ ਇਕ ਮਹੀਨੇ ਦੇ ਬਰਾਬਰ ਦੀ ਪੜ੍ਹਨ ਦੀ ਕਾਬਲੀਅਤ ਹਾਸਲ ਕਰ ਲੈਂਦੇ ਹਨ। ਇਸ ਨਾਲ ਹਰ ਸਾਲ ਤਿੰਨ ਤੋਂ ਚਾਰ ਮਹੀਨੇ ਦਾ ਪਾੜਾ ਪੈ ਜਾਂਦਾ ਹੈ। ਹਰ ਦੋ ਜਾਂ ਤਿੰਨ ਸਾਲਾਂ ਬਾਅਦ ਗਰਮੀਆਂ ਵਿੱਚ ਨਾ ਪੜ੍ਹਨ ਵਾਲੇ ਬੱਚੇ ਉਨ੍ਹਾਂ ਬੱਚਿਆਂ ਤੋਂ ਇਕ ਸਾਲ ਪਿਛਾਂਹ ਹੋ ਜਾਂਦੇ ਹਨ ਜਿਹੜੇ ਬੱਚੇ ਗਰਮੀਆਂ ਵਿੱਚ ਪੜ੍ਹਦੇ ਹਨ।”*
>
> ਰਿਚਰਡ ਅਲਿੰਗਟਨ– ਖੋਜੀ ਅਤੇ ਗਰਮੀਆਂ ਵਿੱਚ ਪੜ੍ਹਨ ਵਿੱਚ ਪੈਣ ਵਾਲੇ ਘਾਟੇ ਬਾਰੇ ਮਾਹਰ

ਗਰਮੀਆਂ ਵਿੱਚ ਪੜ੍ਹਨ ਤੋਂ ਸਾਰੇ ਬੱਚਿਆਂ ਨੂੰ ਫਾਇਦਾ ਹੁੰਦਾ ਹੈ। ਸਾਡੇ ਛੋਟੇ ਬੱਚਿਆਂ ਨੂੰ ਉੱਚੀ ਅਵਾਜ਼ ਵਿੱਚ ਪੜ੍ਹ ਕੇ ਸੁਣਾਏ ਜਾਣ ਨਾਲ ਉਨ੍ਹਾਂ ਦੇ ਪੜ੍ਹਾਈ ਦੀਆਂ ਜਾਚਾਂ ਦੇ ਵਿਕਾਸ ਵਿੱਚ ਮਦਦ ਮਿਲੇਗੀ। ਜੇ ਵਿਦਿਆਰਥੀ ਆਪਣੀਆਂ ਦੋ ਮਹੀਨਿਆਂ ਦੀਆਂ ਛੁੱਟੀਆਂ ਦੌਰਾਨ ਕੁਝ ਕਿਤਾਬਾਂ ਪੜ੍ਹਨਗੇ ਤਾਂ ਉਹ ਪੜ੍ਹਨ ਦਾ ਆਪਣਾ ਮੌਜੂਦਾ ਪੱਧਰ ਕਾਇਮ ਰੱਖ ਸਕਣਗੇ। ਜੇ ਉਹ ਜ਼ਿਆਦਾ ਪੜ੍ਹਨਗੇ ਤਾਂ ਉਹ ਪੜ੍ਹਨ ਦਾ ਆਪਣਾ ਮੌਜੂਦਾ ਪੱਧਰ ਕਾਇਮ ਹੀ ਨਹੀਂ ਰੱਖਣਗੇ, ਸਗੋਂ ਕੁੱਝ ਹਾਲਤਾਂ ਵਿੱਚ ਉਹ ਆਪਣੀ ਪੜ੍ਹਨ ਦੀ ਜਾਚ ਵਿੱਚ ਸੁਧਾਰ ਕਰ ਸਕਣਗੇ। ਮੁੱਖ ਮੁੱਦਾ ਇਹ ਹੈ ਕਿ ਵਿਦਿਆਰਥੀ ਆਪਣੀ ਦਿਲਚਸਪੀ ਵਾਲੇ ਵਿਸ਼ਿਆਂ ਬਾਰੇ ਆਪਣੀ ਮਰਜ਼ੀ ਨਾਲ ਪੜ੍ਹਨ ਨਾ ਕਿ ਉਨ੍ਹਾਂ ਨੂੰ ਉਹ ਕਿਤਾਬਾਂ ਪੜ੍ਹਨ ਲਈ ਮਜ਼ਬੂਰ ਕੀਤਾ ਜਾਵੇ ਜਿਹੜੀਆਂ ਉਹ ਨਹੀਂ ਪੜ੍ਹਨੀਆਂ ਚਾਹੁੰਦੇ ਜਾਂ ਉਨ੍ਹਾਂ ਨੂੰ ਪੜ੍ਹਾਈ ਬਾਰੇ ਸਵਾਲਾਂ ਦੇ ਜੁਆਬ ਦੇਣ ਲਈ ਜਾਂ ਕੋਈ ਹੋਰ ਕੰਮ ਕਰਨ ਲਈ ਕਿਹਾ ਜਾਵੇ। ਉਨ੍ਹਾਂ ਨੂੰ ਆਪਣੀ ਮਰਜ਼ੀ ਦੀਆਂ ਕਿਤਾਬਾਂ ਪੜ੍ਹਨ ਦੇਣ ਨਾਲ ਉਨ੍ਹਾਂ ਵਿੱਚ ਪੜ੍ਹਨ ਲਈ ਉਤਸ਼ਾਹ ਅਤੇ ਦਿਲਚਸਪੀ ਵੱਧਦੀ ਹੈ। ਮਹੱਤਵਪੂਰਨ ਗੱਲ, ਆਨੰਦ ਲੈਣ ਲਈ ਪੜ੍ਹਨਾ ਹੈ।

ਆਪਣੇ ਬੱਚਿਆਂ ਦੀ ਕਈ ਪ੍ਰਕਾਰ ਦੀਆਂ ਕਿਤਾਬਾਂ ਵਿੱਚੋਂ ਚੋਣ ਕਰਨ ਵਿੱਚ ਮਦਦ ਕਰਨ ਲਈ ਆਪਣੀ ਸਥਾਨਕ ਲਾਇਬ੍ਰੇਰੀ ਵਿੱਚ ਜਾਉ। ਹੋ ਸਕਦਾ ਹੈ ਕਿ ਤੁਹਾਡੇ ਬੱਚੇ ਸਰੀ ਦੀਆਂ ਸਾਰੀਆਂ ਪਬਲਿਕ ਲਾਇਬ੍ਰੇਰੀਆਂ ਵਲੋਂ ਚਲਾਏ ਜਾਂਦੇ ਗਰਮੀਆਂ ਵਿੱਚ ਪੜ੍ਹਨ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋਣ। ਹੇਠਲਾ ਲਿੰਕ ਤੁਹਾਨੂੰ ਤੁਹਾਡੀ ਲਾਇਬ੍ਰੇਰੀ ਵਲੋਂ ਚਲਾਏ ਜਾਂਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦੇਵੇਗਾ।

https://www.surreylibraries.ca/services/kids-families/summer-reading-club

2018/19 ਵਿੱਚ ਸਾਲ ਦੀਆਂ ਚੁਣੀਆਂ ਗਈਆਂ ਤਸਵੀਰਾਂ ਵਾਲੀਆਂ ਕੁੱਝ ਕਿਤਾਬਾਂ ਨੂੰ ਦੇਖੋ। ਤੁਹਾਡੇ ਸਕੂਲ ਅਤੇ ਤੁਹਾਡੀ ਸਥਾਨਕ ਲਾਇਬ੍ਰੇਰੀ ਦੀ ਲਾਇਬ੍ਰੇਰੀਅਨ ਇਸ ਸਾਲ ਦੀਆਂ ਚੁਣੀਆਂ ਗਈਆਂ ਬਾਕੀ ਦੀਆਂ ਕਿਤਾਬਾਂ ਲੱਭਣ ਵਿੱਚ ਤੁਹਾਡੀ ਮਦਦ ਕਰ ਸਕੇਗੀ।











Tel: 604.596.7733
www.surreyschools.ca

ਹੋ ਸਕਦਾ ਹੈ ਕਿ 4-7 ਗ੍ਰੇਡ ਵਿਚਕਾਰ ਪੜ੍ਹਨ ਵਾਲੇ ਤੁਹਾਡੇ ਬੱਚੇ ਇਸ ਸਾਲ ਦੀਆਂ ਚੁਣੀਆਂ ਗਈਆਂ ਨਵੀਂਆਂ ਕਿਤਾਬਾਂ ਵਿੱਚ ਦਿਲਚਸਪੀ ਰੱਖਦੇ ਹੋਣ। ਇਨ੍ਹਾਂ ਕਿਤਾਬਾਂ ਵਿੱਚ ਸ਼ਾਮਲ ਹਨ...






















ਤੁਹਾਡੇ ਅੱਲੜ੍ਹ ਉਮਰ ਦੇ (ਟੀਨਏਜ) ਬੱਚਿਆਂ ਕੋਲ ਵੀ ਚੁਣਨ ਲਈ ਬਹੁਤ ਕੁਝ ਹੈ। ਕੁੱਝ ਸੁਝਾਅ ਇਸ ਪ੍ਰਕਾਰ ਹਨ....

ਗ੍ਰੇਡ 8-9










ਗ੍ਰੇਡ 10-12








Grade 12



Surrey Schools
LEADERSHIP IN LEARNING

Tel: 604.596.7733
www.surreyschools.ca

ਤੁਹਾਡੇ ਬੱਚੇ ਡਿਸਟ੍ਰਿਕਟ ਵਲੋਂ ਪ੍ਰਦਾਨ ਕੀਤੇ ਜਾਂਦੇ ਹੋਰ ਡਿਜੀਟਲ ਵਸੀਲਿਆਂ ਨੂੰ ਵਰਤਣ ਬਾਰੇ ਵੀ ਸੋਚਦੇ ਹੋ ਸਕਦੇ ਹਨ। ਇਨ੍ਹਾਂ ਵਸੀਲਿਆਂ ਤੱਕ ਪਹੁੰਚ ਕਰਨ ਲਈ ਹੇਠਾਂ ਦਿੱਤੇ ਲਿੰਕ ’ਤੇ ਕਲਿੱਕ ਕਰੋ।
https://www.surreyschools.ca/Search/pages/results.aspx?k=Search%2E%2E%2Edigital%20resources

ਹੇਠਾਂ ਦਿੱਤੀਆਂ ਤਸਵੀਰਾਂ ਤੁਹਾਡੇ ਬੱਚੇ ਦੀ ਗਰਮੀਆਂ ਵਿੱਚ ਪੜ੍ਹਨ ਦੀਆਂ ਚੋਣਾਂ ਵਿੱਚ ਮਦਦ ਕਰਨ ਲਈ ਮਿਲ ਸਕਣ ਵਾਲੇ ਕੁਝ ਡਿਜੀਟਲ ਵਸੀਲਿਆਂ ਬਾਰੇ ਦਸਦੀਆਂ ਹਨ। ਤੁਹਾਡੇ ਬੱਚੇ ਉਹ ਹੀ ਨਾਂ ਅਤੇ ਪਾਸਵਰਡ ਵਰਤਣਗੇ ਜਿਹੜੇ ਉਹ ਸਕੂਲ ਦੇ ਸਾਲ ਦੌਰਾਨ ਵਰਤਦੇ ਸਨ। ਜੇ ਉਹ ਇਨ੍ਹਾਂ ਡਿਜੀਟਲ ਵਸੀਲਿਆਂ ਨੂੰ ਪਹਿਲੀ ਵਾਰ ਵਰਤ ਰਹੇ ਹਨ ਜਾਂ ਉਨ੍ਹਾਂ ਨੂੰ ਆਪਣਾ ਯੂਜਰ ਨਾਂ ਅਤੇ ਪਾਸਵਰਡ ਭੁੱਲ ਗਏ ਹਨ, ਤਾਂ ਉਨ੍ਹਾਂ ਦੇ ਕਲਾਸਰੂਮ ਟੀਚਰ ਜਾਂ ਟੀਚਰ ਲਾਇਬ੍ਰੇਰੀਅਨ ਇਹ ਉਨ੍ਹਾਂ ਨੂੰ ਦੇ ਸਕਦੇ ਹਨ।

SCHOLASTIC Literacy Pro LIBRARY
Licensed: K - 7

Click Here to Access TUMBLE BOOK LIBRARY
Licensed: K - 6

Digital Magazines For Kids
Licensed: K - 7

Digital Magazines General
Licensed: 6 - 12

Digital Magazines For Teens
Licensed: 8 - 12

FolletShelf eBooks
Licensed: K - 12

NoveList
Licensed: 9 - 12

NoveList K-8 Plus
Licensed: 4 - 7

*“ਕਈ ਵਾਰ ਕਿਤਾਬਾਂ ਅਜਿਹੀਆਂ ਬਾਰੀਆਂ ਹੁੰਦੀਆਂ ਹਨ, ਜਿਹੜੀਆਂ ਦੁਨੀਆ ਦੇ ਅਜਿਹੇ ਦ੍ਰਿਸ਼ ਪੇਸ਼ ਕਰ ਸਕਦੀਆਂ ਹਨ ਜਿਹੜੇ ਅਸਲੀ ਹੋਣ ਜਾਂ ਕਾਲਪਨਿਕ, ਜਾਣੇ-ਪਛਾਣੇ ਹੋਣ ਜਾਂ ਉਪਰੇ। ਇਹ ਬਾਰੀਆਂ ਸ਼ੀਸ਼ੇ ਦੇ ਸਲਾਈਡਿੰਗ ਦਰਵਾਜ਼ੇ ਵੀ ਹਨ, ਅਤੇ ਪਾਠਕਾਂ ਨੂੰ ਲੇਖਕ ਵਲੋਂ ਸਿਰਜੀ ਕਿਸੇ ਵੀ ਤਰ੍ਹਾਂ ਦੀ ਦੁਨੀਆ ਦਾ ਹਿੱਸਾ ਬਣਨ ਲਈ ਸਿਰਫ ਕਲਪਨਾ ਰਾਹੀਂ ਇਨ੍ਹਾਂ ਵਿੱਚ ਦੀ ਲੰਘਣ ਦੀ ਲੋੜ ਹੈ*

*ਬਿਸ਼ਪ, ਆਰ। 1990*